**ਆਪਣੇ ਘਰ ਲਈ ਅਤੇ ਆਪਣੇ ਬਜਟ ਮੁਤਾਬਕ ਸਭ ਤੋਂ ਵਧੀਆ ਮਾਰਗੇਜ਼ ਦੀ ਚੋਣ ਕਰਨ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ 1-877-483-8055, ਟੀ ਟੀ ਵਾਈ (ਬੋਲ਼ਿਆਂ ਲਈ ਟੈਲੀਫੋਨ) 1-800-361-1180, ਤੇ ਫੋਨ ਕਰੋ, ਕਿਸੇ ਵੀ ਬਰਾਂਚ ਵਿੱਚ ਜਾਓ ਜਾਂ ਸਾਡੇ ਮੋਬਾਇਲ ਮਾਰਗੇਜ਼ ਮਾਹਰ ਨਾਲ ਆਪਣੇ ਘਰ ਵਿਚ ਮੁਲਾਕਾਤ ਬੁੱਕ ਕਰਵਾਉਣ ਲਈ ਸਾਡੀ ਵੈਬਸਾਈਟ www.tdcanadatrust.com/msf ’ਤੇ ਜਾਵੋ**

1 ਕੁਝ ਸ਼ਰਤਾਂ ਲਾਗੂ ਹਨ।

2 ਜੇ ਦਰ ਵਧ ਜਾਂਦੀ ਹੈ ਤਾਂ ਤੁਹਾਡੀ ਜਿਆਦਾਤਰ ਮਹੀਨਾਵਾਰ ਪੇਮੈਂਟ ਵਿਆਜ ਵੱਲ ਜਾਵੇਗੀ। ਇੱਕ ਸਮੇਂ ਤੁਹਾਨੂੰ ਪੇਮੈਂਟਾ ਬਾਰੇ ਪੱਕੀਆਂ ਚੋਣਾਂ ਵਿੱਚੋਂ, ਚੋਣ ਕਰਨ ਦੀ ਲੋੜ ਪੈ ਸਕਦੀ ਹੈ। ਵੇਰਵਿਆਂ ਲਈ ਪੁੱਛੋ।

3 ਕੁਝ ਸ਼ਰਤਾਂ ਲਾਗੂ ਹਨ। ਕਿਸੇ ਹੋਰ ਪੇਸ਼ਕਸ਼ ਜਾਂ ਦਰ ਦੀ ਰਿਆਇਤ ਦੇ ਸੁਮੇਲ ਨਾਲ ਉਪਲਬਧ ਨਹੀਂ ਹੈ।

4 ਸਥਾਈ ਦਰ ਦੀ ਬੰਦ ਮਿਆਦ ਵਾਲੀ ਮਾਰਗੇਜ਼ ਵਿਚ ਬਦਲਿਆ ਜਾ ਸਕਦਾ ਹੈ।

5 ਤੁਹਾਡੀ ਲਾਈਨ ਆਫ ਕਰੈਡਿਟ ਐਗਰੀਮੈਂਟ ਦੀਆਂ ਸ਼ਰਤਾਂ ਅਤੇ ਬੰਦਸ਼ਾਂ ਲਾਗੂ ਹਨ।

6 ਸਿਰਫ ਬਦਲਵੀਂ ਦਰ ਵਾਲੀ ਚੋਣ ਲਈ ਉਪਲਬੱਧ ਹੈ।

7 ਘੱਟ ਤੋਂ ਘੱਟ ਰਾਸ਼ੀ ਲਈ ਲਾਗੂ ਹੈ।

8 ਉਦਾਹਰਣਾਂ ਇਕ ਜਨਵਰੀ ਤੋਂ ਸ਼ੁਰੂ ਹੋਣ ਵਾਲੀਆਂ ਮਾਰਗੇਜ਼ਾਂ ’ਤੇ ਅਧਾਰਿਤ ਹਨ।

9 ਇੱਕ ਸਾਲ ਦੀ ਖੁੱਲ੍ਹੀ ਮਾਰਗੇਜ ਅਤੇ ਹੋਮ ਇਕਵਿਟੀ ਲਾਈਨ ਆਫ ਕਰੈਡਿਟ ਦੀ ਬਦਲਦੀ ਦਰ ਵਾਲਾ ਹਿੱਸਾ, ਬਿਨਾਂ ਕਿਸੇ ਫੀਸ ਦੇ ਕਿਸੇ ਸਮੇਂ ਪੂਰੀ ਜਾਂ ਅੱਧ-ਪਚੱਧੀ ਪੂਰਵ-ਅਦਾਇਗੀ ਦੀ ਆਗਿਆ ਦਿੰਦਾ ਹੈ। ਖੁੱਲ੍ਹੀ ਬਦਲਵੀਂ ਵਿਆਜ ਦਰ ਵਾਲੀ ਮਾਰਗੇਜ਼ ਦੇ ਪਹਿਲੇ ਦੋ ਸਾਲਾਂ ਵਿੱਚ ਪੂਰਵ-ਅਦਾਇਗੀ ਕਰਨ ਉੱਪਰ ਪ੍ਰਬੰਧਕੀ ਫੀਸ ਲਾਗੂ ਹੁੰਦੀ ਹੈ।

10 ਐਕਸੀਡੈਂਟ ਕਵਰੇਜ, ਟੀ ਡੀ ਲਾਈਫ ਬੀਮਾ ਕੰਪਨੀ (TD Life Insurance Company) ਵੱਲੋਂ ਕੀਤੀ ਜਾਂਦੀ ਹੈ। ਬਾਕੀ ਸਾਰੀਆਂ ਕਵਰੇਜ਼ਾਂ, ਕੈਨੇਡਾ ਲਾਈਫ ਅਸ਼ੋਰੈਂਸ ਕੰਪਨੀ (The Canada Life Assurance Company) ਵੱਲੋਂ ਕੀਤੀਆਂ ਜਾਂਦੀਆਂ ਹਨ। ਲਾਭ, ਰੋਕਾਂ, ਅਤੇ ਸੀਮਾਵਾਂ ਦੇ ਮੁਕੰਮਲ ਵੇਰਵੇ, ਸਰਟੀਫੀਕੇਟ ਆਫ ਬੀਮਾ ਵਿੱਚ ਦਰਜ ਹਨ।

11 ਸਾਰੀਆਂ ਮਾਰਗੇਜ਼ਾਂ ਅਤੇ ਲਾਈਨਜ਼ ਆਫ ਕਰੈਡਿਟ, ਟੀ ਡੀ ਕੈਨੇਡਾ ਟਰੱਸਟ ਕੋਲ ਹੀ ਰਹਿਣਗੀਆਂ। ਵਪਾਰਕ ਜਾਇਦਾਦਾਂ ਦੀਆਂ ਮਾਰਗੇਜ਼ਾਂ ਅਤੇ ਆਰ ਐਸ ਪੀ ਮਾਰਗੇਜ਼ਾਂ (RSP Mortgages), ਬੀਮੇ ਦੇ ਯੋਗ ਨਹੀਂ ਹਨ।

12 ਜਿਸ ਤਰ੍ਹਾਂ ਸਰਟੀਫਿਕੇਟ ਆਫ ਬੀਮਾ (Certificate of Insurance) ਅਤੇ ਇਸ ਬਰਾਊਚਰ ਵਿੱਚ ਦੱਸਿਆ ਗਿਆ ਹੈ, ਕੁਝ ਸ਼ਰਤਾਂ ਜਾਂ ਬੰਦਸ਼ਾਂ ਲਾਗੂ ਹਨ।

13 ਹੋਮ ਇਕਵਿਟੀ ਲਾਈਨ ਆਫ ਕਰੈਡਿਟ ਜਾਂ ਬਦਲਵੀਂ ਵਿਆਜ ਦਰ ਵਾਲੀ ਮਾਰਗੇਜ਼ ’ਤੇ ਉਪਲਬਧ ਨਹੀਂ ਹੈ। ਕਰੈਡਿਟ ਵਾਲੀਆਂ ਸਾਰੀਆਂ ਵਸਤਾਂ ’ਤੇ ਪੋਰਟਿਬਿਲਟੀ ਆਫ ਕਰੈਡਿਟਸ ਬੀਮਾ ਉਪਲਬਧ ਨਹੀਂ ਹੈ।

14 ਕੁਝ ਸ਼ਰਤਾਂ ਲਾਗੂ ਹਨ। ਸਿਰਫ ਸਥਾਈ ਦਰ ਵਾਲੀਆਂ ਮਾਰਗੇਜ਼ਾਂ ’ਤੇ ਉਪਲਬਧ ਹੈ।

15 ਕਿਊਬੈਕ ਵਿੱਚ ਟੈਲੀਫੋਨਿਕ ਲੈਣ-ਦੇਣ ’ਤੇ ਬੰਦਸ਼ਾਂ ਲਾਗੂ ਹਨ।

® ਕੈਨੇਡੀਅਨ ਰੀਅਲ ਸੰਪਤੀ ਐਸੋਸੀਏਸ਼ਨ (The Canadian Real Estate Association) ਦਾ ਟਰੇਡ-ਮਾਰਕ ਹੈ।

™ ਕੈਨੇਡਾ ਟਰੱਸਟ ਕੰਪਨੀ (The Canada Trust Company) ਦਾ ਟਰੇਡਮਾਰਕ ਹੈ।

* ਟੋਰਾਂਟੋ-ਡੋਮਿਨੀਅਨ ਬੈਂਕ (The Toronto-Dominion Bank) ਦਾ ਟਰੇਡਮਾਰਕ ਹੈ

ਪੰਜਾਬੀ ਅਨੁਵਾਦ ਸਿਰਫ ਹਵਾਲੇ ਲਈ ਹੈ। ਮੂਲ ਅੰਗਰੇਜ਼ੀ ਲਿਖਤ ਲਾਗੂ ਰਹੇਗੀ।

TD Canada Trust

ਬੈਂਕਿੰਗ ਇੰਨੀ ਆਰਾਮਦੇਹ ਹੋ ਸਕਦੀ ਹੈ

© Mixed Sources
Product group from well-managed forests, controlled sources and recycled wood or fiber
FSC www.fsc.org Cert no. SGS-COC-004043
© 1996 Forest Stewardship Council
10%

526054(0908)

# ਟੀ ਡੀ ਕੈਨੇਡਾ ਟਰੱਸਟ ਰਿਹਾਇਸ਼ੀ ਮਾਰਗੇਜ਼ਾਂ

**ਸਹੀ ਕੀਮਤ ਅਤੇ ਵਧੀਆ ਸਲਾਹ**



# ਟੀ ਡੀ ਕੈਨੇਡਾ ਟਰੱਸਟ ਤੋਂ ਤੁਹਾਨੂੰ ਆਪਣੇ ਲਈ ਸਹੀ ਮਾਰਗੇਜ਼ ਮਿਲੇਗੀ

ਭਾਵੇਂ ਤੁਸੀਂ ਘਰ ਖਰੀਦ ਰਹੇ ਹੋ, ਆਪਣੀ ਮੌਜੂਦਾ ਮਾਰਗੇਜ਼ (Mortgage) ਨੂੰ ਨਵਿਆ ਰਹੇ ਹੋ ਜਾਂ ਆਪਣੀ ਮੌਜੂਦਾ ਬੈਂਕ ਤੋਂ ਆਪਣੀ ਮਾਰਗੇਜ਼ ਬਦਲਣਾ ਚਾਹੁੰਦੇ ਹੋ ਤਾਂ ਸਹੀ ਮਾਰਗੇਜ਼ ਦਾ ਹੱਲ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ ਸਾਡੇ ਕੋਲ ਕੀਮਤ ਅਤੇ ਸਲਾਹ ਦਾ ਬਹੁਤ ਹੀ ਵਧੀਆ ਸੁਮੇਲ ਹੈ।

ਸਾਡਾ ਸਿਖਿਅਤ ਸਟਾਫ ਤੁਹਾਨੂੰ ਬਹੁਤ ਵਧੀਆ ਸਲਾਹ, ਸਾਧਨ ਅਤੇ ਮਦਦ ਦੇਵੇਗਾ ਜਿਸ ਦੀ ਤੁਹਾਨੂੰ ਅਜਿਹੀ ਮਾਰਗੇਜ਼ ਦੀ ਚੋਣ ਕਰਨ ਲਈ ਲੋੜ ਹੈ ਜਿਹੜੀ ਸਭ ਤੋਂ ਵਧੀਆ ਸੰਭਾਵਤ ਦਰ ’ਤੇ ਤੁਹਾਡੀਆਂ ਲੋੜਾਂ ਪੂਰੀਆਂ ਕਰਦੀ ਹੋਵੇ।

ਤੁਸੀਂ ਸਾਨੂੰ ਆਸਾਨੀ ਨਾਲ ਲੱਭ ਸਕਦੇ ਹੋ ਤਾਂ ਕਿ ਤੁਸੀਂ ਜਲਦੀ ਜਲਦੀ ਸਹੀ ਮਾਰਗੇਜ਼ ਲੱਭ ਸਕਦੇ ਹੋ।

- ਟੀ ਡੀ ਕੈਨੇਡਾ ਟਰੱਸਟ ਦੀ ਕਿਸੇ ਵੀ ਬਰਾਂਚ ਵਿੱਚ ਜਾਓ ਅਤੇ ਦੱਸੋ ਕਿ ਤੁਸੀਂ ਸਾਡੇ ਕਿਸੇ ਮਾਰਗੇਜ਼ ਪ੍ਰਤੀਨਿਧ ਨਾਲ ਗੱਲ ਕਰਨੀ ਚਾਹੁੰਦੇ ਹੋ
- ਸਾਡੇ ਕਿਸੇ ਮੋਬਾਈਲ ਮਾਰਗੇਜ਼ ਮਾਹਰ (Mobile Mortgage Specialists) ਨਾਲ ਸੰਪਰਕ ਕਰੋ ਅਤੇ ਆਪਣੀ ਸਹੂਲਤ ਮੁਤਾਬਕ ਆਪਣੇ ਘਰ ਵਿੱਚ ਕਿਸੇ ਵੀ ਬੰਧਨ ਤੋਂ ਮੁੱਕਤ ਮਿਲਣ ਦਾ ਸਮਾਂ ਨਿਸਚਿਤ ਕਰੋ
- ਤੁਸੀਂ ਈਜ਼ੀਲਾਈਨ (EasyLine™) ਟੈਲੀਫੋਨ ਬੈਂਕਿੰਗ ਨੂੰ ਫੋਨ ਕਰ ਸਕਦੇ ਹੋ ਅਤੇ ਫੋਨ ’ਤੇ ਮਾਰਗੇਜ਼ ਮਾਹਰ ਨਾਲ ਗੱਲ ਕਰ ਸਕਦੇ ਹੋ
- ਵੈਬਸਾਈਟ **www.tdcanadatrust.com/mortgages** ’ਤੇ ਜਾਓ ਅਤੇ ਮਾਰਗੇਜ਼ਾਂ ਦੀ ਵੱਡੀ ਲਿਸਟ, ਸਮਾਂ ਅਤੇ ਪੈਸੇ ਬਚਾਉਣ ਵਾਲੀਆਂ ਜੁਗਤਾਂ ਅਤੇ ਮਦਦਗਾਰ ਤੇ ਵਰਤੋਂ ਵਿਚ ਸੌਖੇ ਮਾਰਗੇਜ਼ ਦੇ ਸਾਧਨ ਅਤੇ ਕੈਲਕੁਲੇਟਰ ਦੇਖੋ

## ਅਸੀਂ ਮਦਦ ਕਰਨ ਲਈ ਹਾਜਰ ਹਾਂ

ਤੁਹਾਡੇ ਲਈ ਲੋੜੀਂਦੀ ਸਹੀ ਕੀਮਤ, ਸਲਾਹ ਅਤੇ ਸਾਧਨਾਂ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ।





# ਮਾਰਗੇਜ਼ ਦੀ ਅਸਾਨ ਪੂਰਵ-ਮਨਜ਼ੂਰੀ

ਟੀ ਡੀ ਕੈਨੇਡਾ ਟਰੱਸਟ ਤੋਂ ਮਾਰਗੇਜ਼ ਦੀ ਪੂਰਵ-ਮਨਜ਼ੂਰੀ (mortgage pre-approval) ਤੁਹਾਨੂੰ ਦੱਸਦੀ ਹੈ ਕਿ ਤੁਹਾਨੂੰ ਕਿੰਨੀ ਮਾਰਗੇਜ਼ ਮਿਲ ਸਕਦੀ ਹੈ, ਅਤੇ ਅਸੀਂ 120 ਦਿਨਾਂ ਲਈ ਵਿਆਜ ਦੇ ਦਰ ਦੀ ਗਾਰੰਟੀ ਦੇਵਾਂਗੇ।[1]

ਟੀ ਡੀ ਕੈਨੇਡਾ ਟਰੱਸਟ ਦੀ ਪੂਰਵ-ਮਨਜ਼ੂਰੀ ਨਾਲ ਜੇ ਉਸ ਸਮੇਂ ਦੌਰਾਨ ਵਿਆਜ ਦੀ ਦਰ ਵਧ ਜਾਂਦੀ ਹੈ ਤਾਂ ਤੁਹਾਡੀਆਂ ਦਰਾਂ ਨਹੀਂ ਵਧਣਗੀਆਂ।

ਬੇਸ਼ੱਕ, ਸਾਡੀ ਮਾਰਗੇਜ਼ ਦੀ ਪੂਰਵ-ਮਨਜ਼ੂਰੀ ਦੀ ਸਰਵਿਸ ਮੁੱਫਤ ਹੈ ਅਤੇ ਤੁਹਾਡੇ ਵੱਲੋਂ ਅੰਤਿਮ ਫੈਸਲਾ ਕਰਨ ਤਕ ਤੁਹਾਡੇ ’ਤੇ ਕੋਈ ਬੰਦਸ਼ ਨਹੀਂ ਹੈ। ਅਸਲ ਵਿੱਚ, ਜੇ ਤੁਹਾਨੂੰ ਅਜੇ ਵੀ ਆਪਣੀ ਪਸੰਦ ਦਾ ਘਰ ਨਾ ਲੱਭਿਆ ਹੋਵੇ ਤਾਂ ਤੁਸੀਂ ਉਸ ਵੇਲੇ ਦੇ ਵਿਆਜ ਦੀ ਦਰ ’ਤੇ ਆਪਣੀ ਪੂਰਵ-ਮਨਜ਼ੂਰੀ ਨੂੰ ਵਧਾਉਣ ਦਾ ਪ੍ਰਬੰਧ ਵੀ ਕਰ ਸਕਦੇ ਹੋ।[1]

# ਆਪਣੇ ਲਈ ਬਿਹਤਰੀਨ ਕਿਸਮ ਦੀ ਮਾਰਗੇਜ਼ ਚੁਣੋ

ਜਿਵੇਂ ਕਿ ਤੁਸੀਂ ਦੇਖੋਗੇ, ਹਰ ਕਿਸਮ ਦੀ ਮਾਰਗੇਜ਼ ਦੀਆਂ ਥੋੜ੍ਹੀਆਂ ਜਿਹੀਆਂ ਵੱਖਰੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਹੜੀਆਂ ਕਿ ਵੱਖੋ-ਵੱਖਰੀਆਂ ਤਰਜੀਹਾਂ ਵਾਲੇ ਲੋਕਾਂ ਨੂੰ ਚੰਗੀਆਂ ਲੱਗਦੀਆਂ ਹਨ। ਮਿਸਾਲ ਦੇ ਤੌਰ ’ਤੇ, ਕੁਝ ਗਾਹਕ ਇਹ ਜਾਣ ਕੇ ਚੰਗਾ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਵਿਆਜ ਦੀ ਦਰ, ਉਹਨਾਂ ਦੀ ਮਾਰਗੇਜ਼ ਦੀ ਪੂਰੀ ਮਿਆਦ ਦੌਰਾਨ ਇੱਕੋ ਜਿਹੀ ਹੀ ਰਹੇਗੀ।

ਉਹ ਇਹ ਜਾਣ ਕੇ ਵੀ ਆਰਾਮਦੇਹ ਮਹਿਸੂਸ ਕਰਦੇ ਹਨ ਕਿ ਮਿਆਦ ਦੇ ਮੁੱਕਣ 'ਤੇ ਉਨ੍ਹਾਂ ਦੀ ਕਿੰਨੀ ਮੂਲ ਰਕਮ ਰਹਿੰਦੀ ਹੋਵੇਗੀ। ਹੋਰ ਗਾਹਕ ਲੰਮੇ ਸਮੇਂ ਦੌਰਾਨ ਸੰਭਵ ਬੱਚਤਾਂ ਲਈ ਜਾਂ ਆਪਣੀ ਮਾਰਗੇਜ਼ ਤੇਜ਼ੀ ਨਾਲ ਦੇਣ ਦੇ ਮੌਕੇ ਲਈ ਆਪਣੇ ਵਿਆਜ ਦੀ ਦਰ ਵਿੱਚ ਕੁਝ ਘਾਟਾ-ਵਾਧਾ ਪ੍ਰਵਾਨ ਕਰਨ ਦੇ ਖਾਹਸ਼ਮੰਦ ਹੋਣਗੇ। ਤੁਹਾਡੇ ਲਈ ਸਹੀ ਮਾਰਗੇਜ਼ ਉਹ ਹੈ ਜਿਹੜੀ ਤੁਹਾਡੇ ਆਰਾਮ ਦੇ ਪੱਧਰ ਨਾਲ ਸਭ ਤੋਂ ਬਿਹਤਰ ਮੇਲ ਖਾਂਦੀ ਹੈ ਅਤੇ ਤੁਹਾਡੀ ਆਮਦਨੀ ਅਤੇ ਰਹਿਣੀ-ਬਹਿਣੀ ਵਿਚ ਸੰਤੁਲਨ ਪੈਦਾ ਕਰਦੀ ਹੈ।

## ਥੋੜ੍ਹੇ ਸਮੇਂ ਜਾਂ ਲੰਬੇ ਸਮੇਂ ਦੀ ਮਿਆਦ

ਮਿਆਦ, ਮੌਜੂਦਾ ਮਾਰਗੇਜ਼ ਦੇ ਸਮਝੌਤੇ ਦਾ ਸਮਾਂ ਹੈ। ਮਾਰਗੇਜ਼ ਦੀ ਮਿਆਦ ਆਮ ਤੌਰ 'ਤੇ ਛੇ ਮਹੀਨੇ ਤੋਂ ਲੈ ਕੇ ਦਸ ਸਾਲਾਂ ਦੀ ਹੁੰਦੀ ਹੈ। ਆਮ ਤੌਰ 'ਤੇ, ਘੱਟ ਮਿਆਦ ਵਾਲੀ ਮਾਰਗੇਜ਼ ਦੀ ਦਰ ਘੱਟ ਹੁੰਦੀ ਹੈ।

ਥੋੜ੍ਹੇ ਸਮੇਂ ਦੀ ਮਾਰਗੇਜ਼ ਆਮ ਤੌਰ 'ਤੇ ਦੋ ਸਾਲਾਂ ਜਾਂ ਘੱਟ ਸਮੇਂ ਲਈ ਹੁੰਦੀ ਹੈ। ਲੰਬੇ ਸਮੇਂ ਦੀ ਮਾਰਗੇਜ਼ ਆਮ ਤੌਰ 'ਤੇ ਤਿੰਨ ਸਾਲਾਂ ਜਾਂ ਜ਼ਿਆਦਾ ਸਮੇਂ ਲਈ ਹੁੰਦੀ ਹੈ। ਥੋੜ੍ਹੇ ਸਮੇਂ ਦੀਆਂ ਮਾਰਗੇਜ਼ਾਂ ਉਨ੍ਹਾਂ ਗਾਹਕਾਂ ਲਈ ਢੁੱਕਵੀਂਆਂ ਹੁੰਦੀਆਂ ਹਨ ਜਿਹੜੇ ਇਹ ਯਕੀਨ ਕਰਦੇ ਹਨ ਕਿ ਮਾਰਗੇਜ਼ ਨਵਿਆਉਣ ਦੇ ਸਮੇਂ ਵਿਆਜ ਦੀ ਦਰ ਘੱਟ ਜਾਵੇਗੀ। ਲੰਬੇ ਸਮੇਂ ਦੀਆਂ ਮਾਰਗੇਜ਼ਾਂ ਉਦੋਂ ਢੁੱਕਵੀਂਆਂ ਹੁੰਦੀਆਂ ਹਨ ਜਦੋਂ ਮੌਜੂਦਾ ਦਰ ਮੁਕਾਬਲਤਨ ਘੱਟ ਹੁੰਦੀ ਹੈ ਜਾਂ ਮਾਰਗੇਜ਼ ਲੈਣ ਵਾਲੇ ਭਵਿੱਖ ਲਈ ਬੱਜਟ ਦੀ ਸੁਰੱਖਿਆ ਚਾਹੁੰਦੇ ਹਨ। ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਦੀ ਮਿਆਦ ਦਰਮਿਆਨ ਚੋਣ ਕਰਨ ਲਈ, ਆਪਣੇ ਵਿਆਜ ਦੀਆਂ ਦਰਾਂ ਅਤੇ ਮਾਰਗੇਜ਼ ਦੀਆਂ ਅਦਾਇਗੀਆਂ ਨਾਲ ਆਰਾਮਦੇਹ ਰਹਿਣਾ ਮਹੱਤਵਪੂਰਨ ਹੈ।

## ਸਥਾਈ ਜਾਂ ਬਦਲਵੀਂ ਦਰ

ਜਦੋਂ ਤੁਸੀਂ ਸਥਾਈ ਦਰ 'ਤੇ ਮਾਰਗੇਜ਼ ਲੈਂਦੇ ਹੋ ਤਾਂ ਤੁਹਾਡੀ ਵਿਆਜ ਦੀ ਦਰ, ਤੁਹਾਡੀ ਮਾਰਗੇਜ਼ ਦੀ ਪੂਰੀ ਮਿਆਦ ਦੌਰਾਨ ਕਦੇ ਵੀ ਨਹੀਂ ਬਦਲੇਗੀ। ਨਤੀਜੇ ਵਜੋਂ, ਤੁਹਾਨੂੰ ਹਮੇਸ਼ਾ ਇਹ ਪਤਾ ਹੋਵੇਗਾ ਕਿ ਤੁਹਾਡੀ ਕਿਸ਼ਤ ਕਿੰਨੀ ਹੋਵੇਗੀ ਅਤੇ ਤੁਹਾਡੀ ਮਾਰਗੇਜ਼ ਦੀ ਮਿਆਦ ਦੇ ਅੰਤ 'ਤੇ ਕਿੰਨੀ ਮਾਰਗੇਜ਼ ਅਦਾ ਕੀਤੀ ਜਾਵੇਗੀ।

ਬਦਲਵੀਂ ਦਰ ਵਾਲੀ ਮਾਰਗੇਜ਼ ਨਾਲ ਤੁਹਾਡੀ ਵਿਆਜ ਦੀ ਦਰ ਹਰ ਮਹੀਨੇ ਬਦਲ ਸਕਦੀ ਹੈ। ਇਤਿਹਾਸਕ ਤੌਰ 'ਤੇ ਜਦੋਂ ਵਿਆਜ ਦੀ ਦਰ ਆਮ ਤੌਰ 'ਤੇ ਸਥਿਰ ਰਹਿੰਦੀ ਹੈ ਤਾਂ ਆਮ ਤੌਰ 'ਤੇ ਬਦਲਵੀਆਂ ਦਰਾਂ ਵਾਲੀਆਂ ਮਾਰਗੇਜ਼ਾਂ, ਸਥਾਈ ਦਰਾਂ ਵਾਲੀਆਂ ਮਾਰਗੇਜ਼ਾਂ ਨਾਲੋਂ ਸਸਤੀਆਂ ਪੈਂਦੀਆਂ ਹਨ। ਜਦੋਂ ਵਿਆਜ ਦੀ ਦਰ ਬਦਲਦੀ ਹੈ ਤਾਂ ਤੁਹਾਡੀ ਕਿਸ਼ਤ ਦੀ ਰਕਮ ਪਹਿਲਾਂ ਵਾਲੀ ਹੀ ਰਹਿੰਦੀ ਹੈ। ਪਰ ਵਿਆਜ ਅਤੇ ਮੂਲ 'ਤੇ ਲਾਗੂ ਹੋਣ ਵਾਲੀ ਰਕਮ ਬਦਲ ਜਾਂਦੀ ਹੈ। ਜੇ ਵਿਆਜ ਦੀਆਂ ਦਰਾਂ ਘਟ ਜਾਣ ਤਾਂ



ਤੁਹਾਡੀ ਮਾਰਗੇਜ਼ ਦੀ ਕਿਸ਼ਤ ਵਿੱਚੋਂ ਜ਼ਿਆਦਾ ਧਨ, ਰਹਿੰਦੇ ਮੂਲ ਨੂੰ ਉਤਾਰਨ ਵੱਲ ਜਾਂਦੇ ਹਨ।[2] ਇਸ ਨਾਲ ਤੁਹਾਡੀ ਮਾਰਗੇਜ਼ ਨੂੰ ਜਲਦੀ ਉਤਾਰਨ ਵਿੱਚ ਮਦਦ ਮਿਲ ਸਕਦੀ ਹੈ।

## ਖੁੱਲ੍ਹੀ ਜਾਂ ਬੰਦ ਮਾਰਗੇਜ਼

ਖੁੱਲ੍ਹੀਆਂ ਮਾਰਗੇਜ਼ਾਂ ਆਮ ਤੌਰ 'ਤੇ ਕਿਸੇ ਵੇਲੇ ਵੀ ਬਿਨ੍ਹਾਂ ਹਰਜ਼ਾਨੇ ਦੇ ਤਾਰੀਆਂ ਜਾ ਸਕਦੀਆਂ ਹਨ।[1] ਇਹ ਮਾਰਗੇਜ਼ਾਂ ਉਨ੍ਹਾਂ ਘਰ-ਮਾਲਕਾਂ ਲਈ ਢੁੱਕਵੀਂਆਂ ਹਨ ਜਿਹੜੇ ਨੇੜ-ਭਵਿੱਖ ਵਿੱਚ ਆਪਣਾ ਘਰ ਵੇਚਣ ਦੀ ਯੋਜਨਾ ਬਣਾ ਰਹੇ ਹਨ ਜਾਂ ਜਿਹੜੇ ਮਿਆਦ ਪੁੱਗਣ ਤੋਂ ਪਹਿਲਾਂ ਵੱਡੀਆਂ ਉੱਕੀਆਂ-ਪੁੱਕੀਆਂ ਅਦਾਇਗੀਆਂ ਕਰਨ ਲਈ ਲਚਕੀਲਾਪਣ ਚਾਹੁੰਦੇ ਹਨ।

ਬੰਦ ਮਾਰਗੇਜ਼ਾਂ ਇੱਕ ਖਾਸ ਮਿਆਦ ਲਈ ਇਕਰਾਰਨਾਮੇ ਹਨ। ਜੇ ਤੁਸੀਂ ਬਾਕੀ ਰਹਿੰਦੀ ਮਾਰਗੇਜ਼ ਅਦਾ ਕਰਨੀ ਚਾਹੁੰਦੇ ਹੋ ਤਾਂ ਤੁਹਾਨੂੰ ਮਿਆਦ ਮੁੱਕਣ ਦੀ ਤਰੀਕ ਤੱਕ ਉਡੀਕ ਕਰਨੀ ਪਵੇਗੀ। ਜੇਕਰ ਤੁਸੀਂ ਆਪਣੀ ਮਾਰਗੇਜ ਜਲਦੀ ਅਦਾ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਹਰਜ਼ਾਨਾ ਦੇਣਾ ਪਵੇਗਾ।

## ਛੋਟੀ ਜਾਂ ਲੰਬੀ ਕਰਜ਼ੇ ਦੀ ਮਿਆਦ

ਕਰਜ਼ੇ ਦੀ ਮਿਆਦ ਉਹ ਸਮਾਂ ਹੁੰਦਾ ਹੈ ਜੋ ਮੌਜੂਦਾ ਅਦਾਇਗੀ ਦੀ ਰਕਮ ਅਤੇ ਵਿਆਜ ਦਰ 'ਤੇ ਅਧਾਰਤ, ਉਧਾਰ ਲਈ ਮੂਲ ਰਾਸ਼ੀ ਅਤੇ ਇਸ 'ਤੇ ਪਏ ਵਿਆਜ ਨੂੰ ਅਦਾ ਕਰਨ ਲਈ ਲੱਗਦਾ ਹੈ।

ਟੀ ਡੀ ਕੈਨੇਡਾ ਟਰੱਸਟ ਦੀਆਂ ਮਾਰਗੇਜ਼ਾਂ 35 ਸਾਲ ਤੱਕ ਦੇ ਕਰਜ਼ੇ ਦੀਆਂ ਕਈ ਤਰ੍ਹਾਂ ਦੀਆਂ ਮਿਆਦਾਂ ਵਾਲੀਆਂ ਉਪਲਬੱਧ ਹਨ। ਜਿਥੇ ਥੋੜ੍ਹੀ ਮਿਆਦ ਵਾਲਾ ਕਰਜ਼ਾ, ਜਲਦੀ ਮਾਰਗੇਜ਼ ਉਤਾਰਨ ਵਿਚ ਤੁਹਾਡੀ ਮਦਦ ਕਰਦਾ ਹੈ, ਉਥੇ ਲੰਮੀ ਮਿਆਦ ਵਾਲੇ ਕਰਜ਼ੇ ਵਿਚ ਮਾਰਗੇਜ਼ ਦੀ ਅਦਾਇਗੀ ਜ਼ਿਆਦਾ ਸਮੇਂ ਵਿਚ ਕਰਨੀ ਪੈਂਦੀ ਹੈ। ਇਸ ਨਾਲ ਤੁਹਾਡੀ ਮਾਸਿਕ ਮਾਰਗੇਜ਼ ਦੀ ਕਿਸ਼ਤ ਘੱਟ ਜਾਂਦੀ ਹੈ ਅਤੇ ਤੁਹਾਡੇ ਬਜਟ ਨੂੰ ਸਹੀ ਰੱਖਣ ਵਿਚ ਤੁਹਾਡੀ ਮਦਦ ਕਰਦੀ ਹੈ।



# ਸਾਡੇ ਕੋਲ ਤੁਹਾਡੇ ਲਈ ਸਹੀ ਮਾਰਗੇਜ਼ ਹੈ

## ਸਥਾਈ ਦਰਾਂ ਵਾਲੀਆਂ ਮਾਰਗੇਜ਼ਾਂ (Fixed Rate Mortgage)

ਟੀ ਡੀ ਕੈਨੇਡਾ ਟਰੱਸਟ ਛੇ ਮਹੀਨੇ, ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ ਅਤੇ ਦਸ ਸਾਲਾਂ ਦੀਆਂ ਸਥਾਈ ਦਰਾਂ ਵਾਲੀਆਂ ਮੁਕਾਬਲੇ ਯੋਗ ਮਾਰਗੇਜ਼ਾਂ ਵਧੀਆ ਦਰਾਂ 'ਤੇ ਪੇਸ਼ ਕਰਦੀ ਹੈ। ਸਥਾਈ ਦਰਾਂ ਵਾਲੀਆਂ ਮਾਰਗੇਜਾਂ ਤੁਹਾਨੂੰ ਇਸ ਗੱਲ ਦੀ ਸੁਰੱਖਿਆ ਦਿੰਦੀਆਂ ਹਨ ਕਿ ਤੁਹਾਡੀ ਵਿਆਜ ਦੀ ਦਰ ਅਤੇ ਕਿਸ਼ਤਾਂ ਤੁਹਾਡੀ ਚੁਣੀ ਹੋਈ ਮਿਆਦ ਦੌਰਾਨ ਨਹੀਂ ਬਦਲਣਗੀਆਂ।



ਤੁਸੀਂ ਛੇ ਮਹੀਨੇ ਦੀ ਬਦਲਣਯੋਗ ਮਾਰਗੇਜ਼ (Six-Month Convertible Mortgage) ਦੀ ਚੋਣ ਕਰ ਸਕਦੇ ਹੋ ਅਤੇ ਆਪਣੀ ਮਾਰਗੇਜ਼ ਨੂੰ ਕਿਸੇ ਵੇਲੇ ਵੀ ਬਦਲਣ ਦੀ ਸੌਖ ਨੂੰ ਤਿਆਗੇ ਬਿਨਾਂ, ਛੇ ਮਹੀਨੇ ਦੇ ਵਿਆਜ ਦਰ ਦੀਆਂ ਬੱਚਤਾਂ ਦਾ ਫਾਇਦਾ ਲੈ ਸਕਦੇ ਹੋ।[1]

ਜਾਂ ਇੱਕ ਸਾਲ ਲਈ ਖੁੱਲ੍ਹੀ ਮਾਰਗੇਜ਼ (One-Year Open Mortgage) ਦੀ ਚੋਣ ਕਰੋ ਅਤੇ ਬਿਨਾਂ ਕਿਸੇ ਖ਼ਰਚੇ ਦੇ ਕਿਸੇ ਵੇਲੇ ਆਪਣੀ ਮਾਰਗੇਜ ਦੀ ਪੂਰਵ-ਅਦਾਇਗੀ ਕਰੋ। ਜਾਂ ਆਪਣੀ ਮੌਰਗੇਜ ਨੂੰ ਕਿਸੇ ਸਮੇਂ ਬਿਨਾਂ ਕੋਈ ਫੀਸ ਦਿੱਤੇ ਬਦਲੋ।

### ਮਾਰਗੇਜ਼ ਕੈਸ਼ਬੈਕ (CashBack Mortgage)

ਆਪਣੇ ਘਰ 'ਤੇ ਦੋ ਸਾਲ ਜਾਂ ਜ਼ਿਆਦਾ ਮਿਆਦ ਦੀ ਸਥਾਈ ਦਰ ਵਾਲੀ ਮਾਰਗੇਜ਼ ਲਵੋ ਅਤੇ ਅਸੀਂ ਤੁਹਾਨੂੰ ਸ਼ੁਰੂਆਤ ਵਿੱਚ ਤੁਹਾਡੀ ਮਾਰਗੇਜ਼ ਦੇ ਮੂਲ ਦਾ 5% ਤੱਕ ਨਕਦ ਰਕਮ ਦੇਵਾਂਗੇ।[3] ਇਹ ਪੈਸੇ ਘਰ ਆਪਣੇ ਨਾਮ ਕਰਵਾਉਣ, ਘਰ ਦੀ ਮੁਰੰਮਤ ਕਰਨ ਅਤੇ ਫਰਨੀਚਰ ਤੇ ਘਰ ਦਾ ਸਮਾਨ ਖ਼ਰੀਦਣ ਲਈ ਵਰਤੇ ਜਾ ਸਕਦੇ ਹਨ ਜਾਂ ਆਪਣੇ ਖਾਤੇ ਵਿੱਚ ਰੱਖੇ ਜਾ ਸਕਦੇ ਹਨ।



## ਬਦਲਵੀਂ ਦਰ ਵਾਲੀਆਂ ਮਾਰਗੇਜ਼ਾਂ (Variable Rate Mortgage)

### ਬੰਦ ਬਦਲਵੀਂ ਵਿਆਜ ਦਰ ਮਾਰਗੇਜ਼ (Closed Variable Interest Rate Mortgage)

ਜੇ ਤੁਸੀਂ ਚਾਹੁੰਦੇ ਹੋ ਕਿ ਘੱਟ ਬਦਲਵੀਂ ਦਰ ਹੋਵੇ ਅਤੇ ਪੂਰੀ ਮਿਆਦ ਦਰਮਿਆਨ ਤੁਹਾਡੀ ਕਿਸ਼ਤ ਇਕਸਾਰ ਰਹੇ ਤਾਂ ਪੰਜ ਸਾਲ ਦੀ ਮਿਆਦ ਵਾਲੀ ਬੰਦ ਬਦਲਵੀਂ ਵਿਆਜ ਦਰ ਵਾਲੀ ਮਾਰਗੇਜ਼ ਲਵੋ (ਕੁਝ ਸ਼ਰਤਾਂ ਲਾਗੂ ਹਨ)।

ਵਿਆਜ ਦੀ ਦਰ ਹਰ ਮਹੀਨੇ ਦੇ ਪਹਿਲੇ ਦਿਨ ਮਿਥੀ ਜਾਂਦੀ ਹੈ, ਅਤੇ ਜਦ ਵਿਆਜ ਦੀ ਦਰ ਘਟ ਜਾਵੇ ਤਾਂ ਤੁਹਾਡੀ ਮਿਥੀ ਹੋਈ ਮਹੀਨਾਵਾਰ ਕਿਸ਼ਤ ਵਿੱਚੋਂ, ਜ਼ਿਆਦਾ ਧਨ ਤੁਹਾਡੀ ਮਾਰਗੇਜ਼ ਦਾ ਮੂਲ ਉਤਾਰਨ ਵੱਲ ਜਾਂਦਾ ਹੈ।[2] ਇਸ ਦਾ ਮਤਲਬ ਹੈ ਕਿ ਤੁਹਾਡੀ ਮਾਰਗੇਜ਼ ਜਲਦੀ ਲਹਿੰਦੀ ਹੈ। ਬੰਦ ਬਦਲਵੇਂ ਵਿਆਜ ਦਰ ਦੀ ਮਾਰਗੇਜ਼ ਤੁਹਾਨੂੰ ਟੀ ਡੀ ਕੈਨੇਡਾ ਟਰੱਸਟ ਸਥਾਈ ਦਰ ਦੀ ਮਾਰਗੇਜ਼ ਵਿੱਚ ਬਦਲਣ ਦੀ ਆਗਿਆ ਵੀ ਦਿੰਦੀ ਹੈ। ਜੇ ਤੁਸੀਂ ਆਪਣੀ ਮਾਰਗੇਜ਼ ਬਦਲਦੇ ਹੋ ਤਾਂ ਨਵੀਂ ਮਾਰਗੇਜ਼ ਦੀ ਮਿਆਦ, ਤੁਹਾਡੀ ਮੌਜੂਦਾ ਮਾਰਗੇਜ਼ ਦੀ ਰਹਿੰਦੀ ਮਿਆਦ ਜਾਂ ਤਿੰਨ ਸਾਲ ਤੋਂ ਘੱਟ ਸਮੇਂ ਦੇ ਬਰਾਬਰ, ਘੱਟ ਤੋਂ ਘੱਟ ਹੋਵੇਗੀ।

### ਖੁੱਲ੍ਹੀ ਬਦਲਵੀਂ ਵਿਆਜ ਦਰ ਮਾਰਗੇਜ਼ (Open Variable Interest Rate Mortgage)

ਬੰਦ ਬਦਲਦੀ ਵਿਆਜ ਦਰ ਦੀ ਮਾਰਗੇਜ਼ ਵਾਂਗ ਹੀ ਵਿਆਜ ਦੀ ਦਰ ਹਰ ਮਹੀਨੇ ਦੇ ਪਹਿਲੇ ਦਿਨ ਮਿਥੀ ਜਾਂਦੀ ਹੈ, ਅਤੇ ਤੁਹਾਡੀ ਕਿਸ਼ਤ ਇਕਸਾਰ ਰਹਿੰਦੀ ਹੈ।

ਤੁਸੀਂ ਆਪਣੀ ਮਾਰਗੇਜ਼ ਦਾ ਕੁਝ ਹਿੱਸਾ ਜਾਂ ਸਾਰੀ ਮਾਰਗੇਜ਼ ਹੀ ਬਿਨਾਂ ਹਰਜਾਨੇ ਤੋਂ ਕਿਸੇ ਵੇਲੇ ਵੀ ਅਦਾ ਕਰ ਸਕਦੇ ਹੋ (ਸਿਰਫ ਪਹਿਲੇ ਅਤੇ ਦੂਜੇ ਸਾਲ ਵਿੱਚ ਇੱਕ ਪ੍ਰਬੰਧਕੀ ਫੀਸ ਲੱਗਦੀ ਹੈ)।

ਬਦਲਵੇਂ ਵਿਆਜ ਦਰਾਂ ਵਾਲੀਆਂ ਬਹੁਤੀਆਂ ਮਾਰਗੇਜ਼ਾਂ ਵਾਂਗ ਹੀ, ਤੁਸੀਂ ਆਪਣੀ ਖੁੱਲ੍ਹੇ ਬਦਲਦੇ ਵਿਆਜ ਦਰ ਦੀ ਮਾਰਗੇਜ਼ ਨੂੰ ਕਿਸੇ ਵੇਲੇ ਵੀ ਬਦਲਣ ਦੀ ਚੋਣ ਕਰ ਸਕਦੇ ਹੋ।[4]

## ਮੇਰਾ ਮਾਰਗੇਜ਼ ਚੁੱਣਨ ਵਾਲਾ ਯੰਤਰ (My Mortgage Selector Tool) https://calc.tdcanadatrust.com/MAT/Input

ਆਪਣੇ ਘਰ ਵਿਚ ਸੁੱਖ, ਖੁਸ਼ੀ ਅਤੇ ਮਾਨਸਿਕ ਸ਼ਾਂਤੀ ਲਈ ਸਹੀ ਮਾਰਗੇਜ਼ ਦੀ ਚੋਣ ਕਰਨਾ ਬਹੁਤ ਮਹੱਤਵਪੂਰਨ ਕਦਮ ਹੈ। ਸਾਡਾ ਆਨਲਾਈਨ **ਮਾਰਗੇਜ਼ ਚੁਣਨ ਵਾਲਾ ਯੰਤਰ** ਪ੍ਰਿੰਟ ਹੋਣ ਵਾਲੇ ਸੁਝਾਅ ਤਿਆਰ ਕਰਦਾ ਹੈ ਜਿਹਨਾਂ ਬਾਰੇ ਤੁਸੀਂ ਟੀ ਡੀ ਕੈਨੇਡਾ ਟਰੱਸਟ ਦੇ ਮਾਰਗੇਜ਼ ਪ੍ਰਤਿਨਿੱਧ ਨਾਲ ਮਸ਼ਵਰਾ ਕਰ ਸਕਦੇ ਹੋ। ਤੁਸੀਂ ਕੁਝ ਮਦਦਗਾਰ "ਨੁੱਕਤੇ" ਵੀ ਦੇਖ ਸਕਦੇ ਹੋ। ਅੱਜ ਹੀ ਕੋਸ਼ਿਸ਼ ਕਰੋ!

## ਹੋਮ ਇਕਵਿਟੀ ਲਾਈਨ ਆਫ ਕਰੈਡਿਟ (Home Equity Line of Credit)

ਹੋਮ ਇਕਵਿਟੀ ਲਾਈਨ ਆਫ ਕਰੈਡਿਟ ਰਿਵਾਇਤੀ ਮਾਰਗੇਜ਼ ਦਾ ਇੱਕ ਸੌਖਾ ਬਦਲ ਹੋ ਸਕਦੀ ਹੈ। ਤੁਸੀਂ ਆਪਣੇ ਉਧਾਰ ਲੈਣ ਨੂੰ ਸੌਖਾ ਬਣਾ ਸਕਦੇ ਹੋ ਕਿਉਂਕਿ ਤੁਹਾਨੂੰ ਕਦੇ ਵੀ ਹੋਰ ਕਰਜ਼ਾ ਲੈਣ ਲਈ ਅਪਲਾਈ ਕਰਨ ਦੀ ਲੋੜ ਨਹੀਂ ਪਵੇਗੀ। ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ, ਤੁਹਾਡੀ ਆਪਣੀ ਉਪਲਬਧ ਕਰੈਡਿਟ ਹੱਦ ਤੱਕ ਪਹੁੰਚ ਹੁੰਦੀ ਹੈ।[5] ਹੋਮ ਇਕਵਿਟੀ ਲਾਈਨ ਆਫ ਕਰੈਡਿਟ ਨਾਲ ਤੁਸੀਂ ਆਪਣੇ ਘਰ ਦੇ ਅੰਦਾਜ਼ਨ ਮੁੱਲ ਜਾਂ ਖ਼ਰੀਦ ਕੀਮਤ(ਜਿਹੜਾ ਵੀ ਘੱਟ ਹੋਵੇ) ਦਾ 80% ਤਕ ਕਰਜ਼ਾ ਲੈ ਸਕਦੇ ਹੋ, ਪਰ ਇਸ ਵਿੱਚੋਂ ਪਹਿਲਾਂ ਬਚਦੀ ਕਿਸੇ ਮਾਰਗੇਜ਼ ਦੇ ਚਾਰਜ ਘਟਾਏ ਜਾਂਦੇ ਹਨ। ਤੁਸੀਂ ਉਨੇ ਪੈਸੇ ਮੋੜਦੇ ਹੋ ਜਿੰਨੇ ਤੁਸੀਂ ਚਾਹੁੰਦੇ ਹੋ, ਜਦੋਂ ਵੀ ਚਾਹੁੰਦੇ ਹੋ ਜਾਂ ਸਿਰਫ ਵਿਆਜ ਹੀ ਦਿੰਦੇ ਹੋ।[6]

ਵਿਆਜ ਦੀਆਂ ਦਰਾਂ ਵਿਚ ਵਾਧੇ ਤੋਂ ਆਪਣੇ ਆਪ ਨੂੰ ਬਚਾਉਣ ਲਈ ਅਤੇ ਨਿਰੰਤਰ ਕਿਸ਼ਤ ਦੀ ਅਦਾਇਗੀ ਤਹਿ ਕਰਨ ਲਈ ਤਾਂ ਕਿ ਤੁਸੀਂ ਆਪਣਾ ਬਜਟ ਬਣਾ ਸਕੋ, ਤੁਸੀਂ ਆਪਣੀ ਸਾਰੀ ਹੋਮ ਇਕਵਿਟੀ ਲਾਈਨ ਆਫ ਕਰੈਡਿਟ ਜਾਂ ਇਸ ਦੇ ਕੁਝ ਹਿੱਸੇ[7] ਨੂੰ ਕਿਸੇ ਵੀ ਵੇਲੇ ਸਥਾਈ ਦਰ ਲਾਭਦਾਇਕ ਚੋਣ (Fixed Rate Advantage Option) ਵਿੱਚ ਬਦਲਣ ਦੀ ਚੋਣ ਕਰ ਸਕਦੇ ਹੋ ਅਤੇ ਕਿਸੇ ਸਮੇਂ ਵੀ ਇੱਕ ਤੋਂ ਪੰਜ ਸਾਲ ਦੀ ਸਥਾਈ ਮੁਕਾਬਲੇ ਯੋਗ ਵਿਆਜ ਦਰ ਲੈ ਸਕਦੇ ਹੋ।

## ਅਦਾਇਗੀ ਦੀਆਂ ਚੋਣਾਂ

ਆਪਣੀਆਂ ਲੋੜਾਂ ਮੁਤਾਬਕ ਅਦਾਇਗੀ ਕਰਨ ਦੀ ਚੋਣ ਕਰਨ ਨਾਲ ਟੀ ਡੀ ਕੈਨੇਡਾ ਟਰੱਸਟ ਦੀ ਕਿਸੇ ਵੀ ਮਾਰਗੇਜ਼ ਦੀ ਸੌਖ ਅਤੇ ਸਹੂਲਤ ਵਿੱਚ ਵਾਧਾ ਹੋ ਸਕਦਾ ਹੈ। ਸਾਡੀਆਂ ਸਾਰੀਆਂ ਮੁਕਾਬਲੇ ਯੋਗ ਮਾਰਗੇਜ਼ਾਂ ਮਹੀਨਾਵਾਰ ਅਦਾਇਗੀ ਦੀ ਮੰਗ ਕਰਦੀਆਂ ਹਨ, ਪਰ ਇਹ ਕਿਸ਼ਤਾਂ ਹਫਤਾਵਾਰ, ਦੋ ਹਫਤਿਆਂ ਬਾਅਦ ਜਾਂ ਅਰਧ-ਮਾਸਕ ਵਿੱਚ ਵੰਡੀਆਂ ਜਾ ਸਕਦੀਆਂ ਹਨ।[1] ਕਿਸ਼ਤਾਂ ਦੇਣ ਦੇ ਬਦਲਵੇਂ ਸਮੇਂ ਨਾਲ ਧਨ ਦੀਆਂ ਬੱਚਤਾਂ ਬਾਰੇ ਜ਼ਿਆਦਾ ਜਾਣਕਾਰੀ ਲਈ ਸਫਾ 8 ਦੇਖੋ।



# ਮਾਰਗੇਜ਼ ਤੇਜ਼ੀ ਨਾਲ ਕਿਵੇਂ ਲਾਹੁਣੀ ਹੈ

## ਧਨ ਦੀ ਬੱਚਤ ਕਰਨ ਵਾਲੀਆਂ ਚੋਣਾਂ

ਅਸੀਂ ਤੁਹਾਡੇ ਲਈ, ਆਪਣੀ ਮਾਰਗੇਜ ਨੂੰ ਛੇਤੀ ਲਾਹੁਣਾ ਅਤੇ ਆਪਣੀ ਸਖਤ ਮਿਹਨਤ ਨਾਲ ਕੀਤੀ ਕਮਾਈ ਦੀ ਬੱਚਤ ਕਰਨਾ, ਪਹਿਲਾਂ ਨਾਲੋਂ ਜ਼ਿਆਦਾ ਸੁਖਾਲਾ ਬਣਾ ਰਹੇ ਹਾਂ।

**ਤੇਜ਼ੀ ਨਾਲ ਕਰਜ਼ਾ ਲਾਹੁਣਾ (Rapid PayDown®)** – ਹਫਤਾਵਾਰ ਅਤੇ ਦੋ ਹਫਤਿਆਂ ਬਾਅਦ ਦਿਤੀਆਂ ਜਾਣ ਵਾਲੀਆਂ ਕਿਸ਼ਤਾਂ (ਮਾਸਕ ਦੀ ਬਜਾਏ), ਵਿਆਜ ਦੇ ਸਾਲਾਨਾ ਖਰਚਿਆਂ ਵਿੱਚ ਤੁਹਾਨੂੰ ਸੈਂਕੜੇ ਡਾਲਰ ਬਚਾ ਸਕਦੀਆਂ ਹਨ। ਉਦਾਹਰਣ ਲਈ, 6% ਵਿਆਜ 'ਤੇ 25 ਸਾਲ ਵਿੱਚ ਲਹਿਣ ਵਾਲੀ $100,000 ਦੀ ਮਾਰਗੇਜ਼ ਦੀ ਮਹੀਨਾਵਾਰ ਕਿਸ਼ਤ ਨੂੰ ਜੇ ਅਰਧ-ਮਾਸਕ ਕਿਸ਼ਤ ਵਿੱਚ ਬਦਲ ਦਿੱਤਾ ਜਾਵੇ ਤਾਂ ਪੰਜ ਸਾਲ ਦੀ ਮਿਆਦ ਦੌਰਾਨ ਤੁਹਾਨੂੰ ਵਿਆਜ ਦੇ ਖ਼ਰਚੇ ਵਿੱਚ $596.93 ਦੀ ਬੱਚਤ ਹੋਵੇਗੀ।[8]

**15% ਤਕ ਪੂਰਵ-ਅਦਾਇਗੀ** – ਸਾਲ ਵਿੱਚ ਇੱਕ ਵਾਰੀ ਆਪਣੀ ਮਾਰਗੇਜ਼ ਦੀ ਮੂਲ ਰਕਮ ਦਾ 15% ਬਿਨਾਂ ਕਿਸੇ ਹਰਜਾਨੇ ਦੇ ਪੂਰਵ-ਭੁਗਤਾਨ ਕਰੋ ਜੋ ਕਿ ਘੱਟ ਤੋਂ ਘੱਟ $100 ਤਕ ਵੀ ਕੀਤਾ ਜਾ ਸਕਦਾ ਹੈ।[9] ਉਦਾਹਰਣ ਲਈ, 6% ਵਿਆਜ 'ਤੇ 25 ਸਾਲ ਵਿੱਚ ਲਹਿਣ ਵਾਲੀ $100,000 ਦੀ ਮਾਰਗੇਜ਼ ਦਾ, ਆਪਣੀ ਮਾਰਗੇਜ਼ ਦੀ ਪਹਿਲੀ ਵਰ੍ਹੇ-ਗੰਢ ਤੋਂ ਸ਼ੁਰੂ ਕਰਕੇ ਪੰਜ ਸਾਲਾਂ ਲਈ ਹਰ ਸਾਲ 2% ਯੱਕ-ਮੁੱਕਤ ਭੁਗਤਾਨ ਕਰਨ ਨਾਲ ਪੰਜ ਸਾਲ ਦੀ ਮਿਆਦ ਦੌਰਾਨ ਤੁਹਾਨੂੰ ਵਿਆਜ ਦੇ ਖ਼ਰਚੇ ਵਿੱਚ $1294.48 ਦੀ ਬੱਚਤ ਹੋਵੇਗੀ।[8]

**ਕਿਸ਼ਤਾਂ ਦੁੱਗਣੀਆਂ ਕਰੋ (Double Up Payments)** – ਹਰ ਸਾਲ ਵਿੱਚ ਇੱਕ ਵਾਰੀ ਤੁਸੀਂ ਆਪਣੀਆਂ ਕਿਸ਼ਤਾਂ ਵਧਾ ਸਕਦੇ ਹੋ ਜੋ ਕਿ ਆਪਣੀ ਮਾਰਗੇਜ਼ ਦੀ ਮਿਆਦ ਮੁਤਾਬਕ ਵੱਧ ਤੋਂ ਵੱਧ 100% ਤੱਕ ਵਧਾਈ ਜਾ ਸਕਦੀ ਹੈ। ਤੁਸੀਂ ਬਾਅਦ ਵਿੱਚ ਇਸ ਮਿਆਦ ਦੌਰਾਨ ਆਪਣੀਆਂ ਕਿਸ਼ਤਾਂ ਨੂੰ ਘਟਾ ਕੇ ਮੁੱਢਲੇ ਪੱਧਰ 'ਤੇ ਵੀ ਲਿਆ ਸਕਦੇ ਹੋ। ਉਦਾਹਰਣ ਦੇ ਤੌਰ 'ਤੇ, 6% ਵਿਆਜ 'ਤੇ 25 ਸਾਲ ਵਿੱਚ ਲਹਿਣ ਵਾਲੀ $100,000 ਦੀ ਮਾਰਗੇਜ਼ ਦੀ ਮਾਸਕ ਕਿਸ਼ਤ ਵਿੱਚ ਮਿਆਦ ਦੇ ਸ਼ੁਰੂ ਵਿੱਚ 10% ਵਾਧਾ ਕਰਨ ਨਾਲ ਪੰਜ ਸਾਲ ਦੀ ਮਿਆਦ ਦੌਰਾਨ ਤੁਹਾਨੂੰ ਵਿਆਜ ਦੇ ਖ਼ਰਚੇ ਵਿੱਚ $617.22 ਦੀ ਬੱਚਤ ਹੋਵੇਗੀ।[8]





ਜਦੋਂ ਤੁਹਾਡੀ ਮਾਰਗੇਜ਼ ਨਵਿਆਉਣ ਵਾਲੀ ਹੁੰਦੀ ਹੈ ਤਾਂ ਤੁਸੀਂ ਬਿਨ੍ਹਾਂ ਕਿਸੇ ਵਾਧੂ ਚਾਰਜ ਦੇ ਕੋਈ ਵੀ ਵਾਧੂ ਰਕਮ ਤਾਰ ਸਕਦੇ ਹੋ-ਜੋ ਕਿ ਮਾਰਗੇਜ਼ ਤੋਂ ਜਲਦੀ ਮੁੱਕਤ ਹੋਣ ਦਾ ਇਕ ਹੋਰ ਮੌਕਾ ਹੁੰਦਾ ਹੈ।

**ਮਾਰਗੇਜ਼ ਲਾਹੁਣ ਦੇ ਸਮੇਂ ਨੂੰ ਘੱਟ ਕਰੋ** – ਕਿਸੇ ਮਾਰਗੇਜ਼ ਨੂੰ ਲਾਹੁਣ ਦਾ ਸਮਾਂ ਉਨੇ ਸਾਲਾਂ ਹੁੰਦਾ ਹੈ ਜਿਹੜਾ ਉਧਾਰ ਲਈ ਗਈ ਮੂਲ ਰਕਮ ਅਤੇ ਇਸ ਦੇ ਵਿਆਜ ਨੂੰ ਲਾਹੁਣ ਲਈ ਲੱਗੇਗਾ ਜੋ ਕਿ ਮੌਜੂਦਾ ਕਿਸ਼ਤ ਅਤੇ ਵਿਆਜ ਦੀ ਦਰ ’ਤੇ ਨਿਰਭਰ ਹੁੰਦਾ ਹੈ। ਜੇ ਤੁਸੀਂ ਮਾਰਗੇਜ਼ ਨੂੰ ਲਾਹੁਣ ਦੇ ਸਮੇਂ ਨੂੰ ਘਟ ਕਰ ਦਿੰਦੇ ਹੋ ਤਾਂ ਤੁਹਾਡੀਆਂ ਆਮ ਕਿਸ਼ਤਾਂ ਵੱਡੀਆਂ ਹੋਣਗੀਆਂ ਪਰ ਇਸ ਨਾਲ ਤੁਹਾਨੂੰ ਲੰਮੇ ਸਮੇਂ ਵਿੱਚ ਕਾਫੀ ਘਟ ਵਿਆਜ ਦੇਣਾ ਪਵੇਗਾ। ਉਦਾਹਰਣ ਦੇ ਤੌਰ ’ਤੇ 6% ਵਿਆਜ ’ਤੇ $100,000 ਦੀ ਮਾਰਗੇਜ਼ ਨੂੰ ਲਾਹੁਣ ਦੇ ਸਮੇਂ ਨੂੰ 25 ਸਾਲ ਤੋਂ ਘਟਾ ਕੇ 20 ਸਾਲ ਕਰਨ ਨਾਲ ਮਾਰਗੇਜ਼ ਨੂੰ ਲਾਹੁਣ ਦੇ ਸਮੇਂ ਦੌਰਾਨ $21,001.15 ਦੀ ਬੱਚਤ ਹੋਵੇਗੀ।[8]

ਇਹਨਾਂ ਧਨ-ਬਚਾਊ ਤਕਨੀਕਾਂ ਦੀਆਂ ਉਦਾਹਰਣਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਲੈਣ ਲਈ ਸਾਡੇ ਕਿਸੇ ਟੀ ਡੀ ਕੈਨੇਡਾ ਟਰੱਸਟ ਮਾਰਗੇਜ਼ ਪ੍ਰਤਿਨਿੱਧ ਨਾਲ ਗੱਲ ਕਰੋ ਜਾਂ ਸਾਡੀ ਵੈਬਸਾਈਟ ਦੇਖੋ।



# ਤੁਹਾਡੇ ਲਈ ਜ਼ਿਆਦਾ ਚੋਣਾਂ

## ਪ੍ਰਾਪਰਟੀ ਟੈਕਸ ਦੇਣ ਨੂੰ ਸੁਖਾਲਾ ਬਣਾਇਆ

ਜਦੋਂ ਤੁਸੀਂ ਆਪਣੀ ਟੀ ਡੀ ਕੈਨੇਡਾ ਟਰੱਸਟ ਮਾਰਗੇਜ਼ ਦਾ ਪ੍ਰਬੰਧ ਕਰਦੇ ਹੋ ਤਾਂ ਤੁਹਾਡੇ ਕੋਲ ਆਪਣੀ ਕਿਸ਼ਤ ਵਿੱਚ ਆਪਣੇ ਪ੍ਰਾਪਰਟੀ ਟੈਕਸ ਸ਼ਾਮਲ ਕਰਨ ਦੀ ਚੋਣ ਹੁੰਦੀ ਹੈ।[1] ਇਸ ਦਾ ਮਤਲਬ ਹੈ ਕਿ ਤੁਹਾਡੀਆਂ ਆਮ ਕਿਸ਼ਤਾਂ ਵਿੱਚ ਤਿੰਨ ਵੱਖਰੇ ਹਿੱਸੇ ਸ਼ਾਮਲ ਹੋਣਗੇ:

1. ਤੁਹਾਡੀ ਮਾਰਗੇਜ਼ ਦੀ ਮੂਲ ਰਕਮ ਦੀ ਅਦਾਇਗੀ;
2. ਤੁਹਾਡੀ ਮਾਰਗੇਜ਼ ਦੀ ਮੂਲ ਰਕਮ ਦੇ ਵਿਆਜ ਦੀ ਅਦਾਇਗੀ; ਅਤੇ
3. ਤੁਹਾਡੇ ਪ੍ਰਾਪਰਟੀ ਟੈਕਸਾਂ ਦੀ ਅਦਾਇਗੀ।

ਕੁਝ ਮਾਰਗੇਜ਼ਾਂ, ਪ੍ਰਾਪਰਟੀ ਟੈਕਸ ਵਾਲਾ ਹਿੱਸਾ ਆਮ ਕਿਸ਼ਤ ਵਿੱਚ ਸ਼ਾਮਲ ਕਰਨ ਦੀ ਮੰਗ ਕਰ ਸਕਦੀਆਂ ਹਨ।

ਆਪਣੇ ਪ੍ਰਾਪਰਟੀ ਟੈਕਸ ਨੂੰ ਆਪਣੀ ਆਮ ਕਿਸ਼ਤ ਵਿੱਚ ਦੇਣ ਦੇ ਲਾਭਾਂ ਵਿੱਚ ਇਹ ਸ਼ਾਮਲ ਹਨ:

**ਬਜਟ ਬਣਾਉਣਾ** – ਪ੍ਰਾਪਰਟੀ ਟੈਕਸ ਦੀ ਇੱਕ ਵੱਡੀ ਰਕਮ ਦਾ ਸਾਹਮਣਾ ਕਰਨ ਦੀ ਬਜਾਏ ਨੇਮ ਨਾਲ ਥੋੜ੍ਹੀ ਜਿਹੀ ਰਕਮ ਇੱਕ ਪਾਸੇ ਰੱਖਣਾ ਸੌਖਾ ਹੈ।

**ਸਹੂਲਤ** – ਤੁਹਾਨੂੰ ਟੈਕਸ ਸਬੰਧੀ ਪੇਪਰਾਂ ਦੇ ਕਿਸੇ ਵੀ ਕੰਮ ਦਾ ਫਿਕਰ ਕਰਨ ਦੀ ਲੋੜ ਨਹੀਂ ਹੈ। ਪ੍ਰਾਪਰਟੀ ਟੈਕਸ ਦੇ ਬਿੱਲ ਆਮ ਤੌਰ ’ਤੇ ਸਾਨੂੰ ਸਿੱਧੇ ਭੇਜੇ ਜਾਂਦੇ ਹਨ ਅਤੇ ਅਸੀਂ ਭੁਗਤਾਨ ਕਰਨ ਵਾਲੀ ਤਰੀਕ ਨੂੰ ਪੂਰਾ ਟੈਕਸ ਦੇ ਦਿੰਦੇ ਹਾਂ।

**ਰਿਕਾਰਡ ਰੱਖਣਾ ਅਸਾਨ** – ਹਰ ਸਾਲ ਤੁਹਾਡੀ ਤਰਫੋਂ ਦਿੱਤੇ ਗਏ ਟੈਕਸਾਂ ਦੀ ਪੂਰੀ ਰਕਮ ਦਾ ਵੇਰਵਾ ਤੁਹਾਨੂੰ ਟੀ ਡੀ ਕੈਨੇਡਾ ਟਰੱਸਟ ਦੇ ਸਾਲਾਨਾ ਮਾਰਗੇਜ਼ ਸਟੇਟਮੈਂਟ ਵਿੱਚ ਭੇਜਿਆ ਜਾਂਦਾ ਹੈ।[11]



## ਆਪਣੇ ਪਰਿਵਾਰ ਅਤੇ ਆਪਣੇ ਘਰ ਦੀ ਸੁਰੱਖਿਆ ਕਰੋ

ਪੁੱਜਤਯੋਗ ਅਤੇ ਢੁੱਕਵੀਂ ਟੀ ਡੀ ਇੰਸ਼ੋਰੈਂਸ*, ਕਰਜੇ ਦੀ ਸੁਰੱਖਿਆ, ਗੰਭੀਰ ਬਿਮਾਰੀ ਅਤੇ ਜੀਵਨ ਬੀਮਾ (TD Insurance® Credit Protection Critical Illness and Life Insurance) ਨਾਲ ਆਪਣੇ ਪਰਿਵਾਰ ਦੀ ਸਭ ਤੋਂ ਵੱਡੀ ਜਾਇਦਾਦ ਦੀ ਸੁਰੱਖਿਆ ਕਰੋ।[10]

### ਮਾਰਗੇਜ਼ ਜੀਵਨ ਬੀਮਾ (Mortgage Life Insurance)

ਮਾਰਗੇਜ਼ ਜੀਵਨ ਬੀਮਾ, ਤੁਹਾਡੀ ਮੌਤ ਹੋ ਜਾਣ ਦੀ ਸੂਰਤ ਵਿੱਚ, ਘਾਤਕ ਬਿਮਾਰੀ ਜਾਂ ਐਕਸੀਡੈਂਟ ਦੀ ਸੂਰਤ ਵਿੱਚ $500,000[11] ਤੱਕ ਟੀ ਡੀ ਕੈਨੇਡਾ ਟਰੱਸਟ ਮਾਰਗੇਜ਼ ਦੀ ਰਹਿੰਦੀ ਮਾਰਗੇਜ਼ ਦਾ ਭੁਗਤਾਨ ਕਰ ਸਕਦਾ ਹੈ।

### ਲਾਈਨ ਆਫ ਕਰੈਡਿਟ ਜੀਵਨ ਬੀਮਾ (Line of Credit Life Insurance)

ਲਾਈਨ ਆਫ ਕਰੈਡਿਟ ਜੀਵਨ ਬੀਮਾ, ਤੁਹਾਡੀ ਲਾਈਨ ਆਫ ਕਰੈਡਿਟ ਦੇ $300,000 ਤੱਕ ਰਹਿੰਦੇ ਕਰਜ਼ੇ ਤੋਂ ਤੁਹਾਡੇ ਪਰਿਵਾਰ ਜਾਂ ਜਾਇਦਾਦ ਦੀ ਸੁਰੱਖਿਆ ਕਰਨ ਵਿੱਚ ਮਦਦ ਕਰ ਸਕਦੀ ਹੈ।[11] ਤੁਸੀਂ ਸਿਰਫ ਬੀਮੇ ਦੀ ਉਸ ਰਕਮ ਲਈ ਪੈਸੇ ਦਿੰਦੇ ਹੋ ਜਿਸ ਦੀ ਤੁਹਾਨੂੰ ਲੋੜ ਹੈ, ਜੋ ਤੁਹਾਡੇ ਟੀ ਡੀ ਕੈਨੇਡਾ ਟਰੱਸਟ ਲਾਈਨ ਆਫ ਕਰੈਡਿਟ ਦੇ ਔਸਤਨ ਰੋਜ਼ਾਨਾ ਬੈਲੈਂਸ 'ਤੇ ਆਧਾਰਿਤ ਹੁੰਦੀ ਹੈ।

### ਗੰਭੀਰ ਬਿਮਾਰੀ ਬੀਮਾ (Critical Illness Insurance)

ਗੰਭੀਰ ਬਿਮਾਰੀ ਬੀਮਾ ਅਜਿਹਾ ਲਾਭ ਹੈ ਜਿਸ ਦਾ ਫਾਇਦਾ ਤੁਸੀਂ ਜਿਉਂਦੇ ਜੀਅ ਲੈਂਦੇ ਹੋ। ਤੁਹਾਡੀ ਸੁਰੱਖਿਆ ਨੂੰ ਪੂਰਾ ਕਰਨ ਲਈ, ਇਹ ਤੁਹਾਡੇ ਜੀਵਨ ਬੀਮੇ 'ਤੇ ਅਧਾਰਿਤ ਹੁੰਦੀ ਹੈ। ਇਹ ਕਵਰੇਜ਼ ਤੁਹਾਡੀ ਟੀ ਡੀ ਕੈਨੇਡਾ ਟਰੱਸਟ ਮਾਰਗੇਜ਼ ਜਾਂ ਲਾਈਨ ਆਫ ਕਰੈਡਿਟ ਦਾ $300,000[11] ਤੱਕ ਅਦਾ ਕਰ ਸਕਦੀ ਹੈ – ਜੇ ਤੁਹਾਨੂੰ ਕੈਂਸਰ, ਗੰਭੀਰ ਦਿਲ ਦਾ ਦੌਰਾ ਜਾਂ ਸਟਰੋਕ ਹੋਣ ਦਾ ਪਤਾ ਲੱਗਦਾ ਹੈ।[12] ਇਸ ਨਾਲ ਤੁਸੀਂ ਅਤੇ ਤੁਹਾਡਾ ਪਰਿਵਾਰ, ਤੰਦਰੁਸਤ ਹੋਣ ਅਤੇ ਆਪਣੀ ਜ਼ਿੰਦਗੀ ਨੂੰ ਪੁਨਰ ਸਥਾਪਤ ਕਰਨ ਵੱਲ ਧਿਆਨ ਦੇ ਸਕਦੇ ਹੋ।

ਅੱਜ ਹੀ ਆਪਣੀ ਬਰਾਂਚ ਤੋਂ ਟੀ ਡੀ ਇੰਸ਼ੋਰੈਂਸ ਕਰਜ਼ਾ ਸੁਰੱਖਿਆ ਗੰਭੀਰ ਬਿਮਾਰੀ ਅਤੇ ਜੀਵਨ ਬੀਮਾ ਪ੍ਰੋਡਕਟ ਗਾਈਡ ਜਾਂ ਅਰਜ਼ੀ ਮੰਗੋ।





### ਪੋਰਟੇਬਿਲਟੀ ਪਲੱਸ (Portability Plus) – ਆਪਣੀ ਮਾਰਗੇਜ਼ ਆਪਣੇ ਨਾਲ ਲੈ ਕੇ ਜਾਓ[13]

ਜੇ ਤੁਸੀਂ ਘਰ ਬਦਲਣ ਬਾਰੇ ਸੋਚ ਰਹੇ ਹੋ ਅਤੇ ਤੁਸੀਂ ਆਪਣੀ ਮੌਜੂਦਾ ਵਿਆਜ ਦਰ ਰੱਖਣਾ ਚਾਹੁੰਦੇ ਹੋ ਤਾਂ ਇਸ ਨੂੰ ਆਪਣੇ ਨਾਲ ਹੀ ਲੈ ਕੇ ਜਾਓ। ਟੀ ਡੀ ਕੈਨੇਡਾ ਟਰੱਸਟ ਦਾ ਪੋਰਟੇਬਿਲਟੀ ਪਲੱਸ, ਇਕ ਅਜਿਹਾ ਗੁਣ ਹੈ ਜਿਹੜਾ ਤੁਹਾਨੂੰ ਆਪਣੀ ਮਾਰਗੇਜ਼ ਦੀ ਬਚਦੀ ਰਕਮ ਉਤੇ ਮੌਜੂਦਾ ਵਿਆਜ ਦਰ ਅਤੇ ਬਾਕੀ ਰਹਿੰਦੀ ਮਿਆਦ ਰੱਖਣ ਦੀ ਇਜਾਜ਼ਤ ਦਿੰਦਾ ਹੈ।[1] ਜੇ ਤੁਸੀਂ ਕੋਈ ਹੋਰ ਵਾਧੂ ਪੈਸੇ ਮਾਰਗੇਜ਼ ਵਜੋਂ ਲੈਂਦੇ ਹੋ ਤਾਂ ਉਨ੍ਹਾਂ ਪੈਸਿਆਂ 'ਤੇ ਉਸ ਵੇਲੇ ਦੀ ਦਰ ਲਾਗੂ ਹੋਵੇਗੀ ਅਤੇ ਮੌਜੂਦਾ ਮਾਰਗੇਜ਼ 'ਤੇ ਨਵੀਂ ਮਾਰਗੇਜ਼ ਵਿਆਜ ਦਰ ਲਾਗੂ ਹੋਵੇਗੀ।

ਖਾਸ ਕਰਕੇ ਪੋਰਟੇਬਿਲਟੀ ਪਲੱਸ ਤੁਹਾਡੇ ਹਜ਼ਾਰਾਂ ਡਾਲਰ ਬਚਾ ਸਕਦਾ ਹੈ, ਜਦ ਮੌਜੂਦਾ ਵਿਆਜ ਦਰ ਤੁਹਾਡੀ ਵਿਆਜ ਦਰ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ।[14]

# ਘਰ ਬਾਰੇ ਜਾਣਕਾਰੀ ਦੀ ਲਿਸਟ

ਆਪਣੇ ਘਰ ਦੀ ਖਰੀਦ ਮੁਕੰਮਲ ਕਰਨ ਅਤੇ ਆਪਣੇ ਨਵੇਂ ਘਰ ਵਿੱਚ ਜਾਣ ਤੋਂ ਪਹਿਲਾਂ ਤੁਹਾਨੂੰ ਆਪਣੀ ਮਾਰਗੇਜ਼ ਦੇ ਵੇਰਵਿਆਂ ਨੂੰ ਆਪਣੇ ਟੀ ਡੀ ਕੈਨੇਡਾ ਟਰੱਸਟ ਮਾਰਗੇਜ਼ ਪ੍ਰਤਿਨਿੰਧ ਨਾਲ ਅੰਤਿਮ ਰੂਪ ਦੇਣ ਦੀ ਲੋੜ ਪਵੇਗੀ। ਹੇਠਾਂ ਉਸ ਜਾਣਕਾਰੀ ਦੀ ਲਿਸਟ ਦਿੱਤੀ ਜਾ ਰਹੀ ਹੈ ਜਿਹੜੀ ਤੁਹਾਡਾ ਮਾਰਗੇਜ਼ ਪ੍ਰਤਿਨਿੰਧ ਤੁਹਾਡੇ ਤੋਂ ਮੰਗੇਗਾ–

- ਆਮਦਨ ਜਾਂ ਕੰਮ ਦੀ ਆਮਦਨ ਦੀ ਪੁਸ਼ਟੀ – ਤਨਖ਼ਾਹ 'ਤੇ ਕੰਮ ਕਰਦੇ ਮੁਲਾਜ਼ਮਾਂ ਲਈ ਮਾਲਕ ਦੇ ਦਸਤਖ਼ਤਾਂ ਵਾਲੀ ਚਿੱਠੀ ਜਾਂ ਕਮਿਸ਼ਨ 'ਤੇ ਕੰਮ ਕਰਦੇ ਜਾਂ ਆਪਣਾ ਕੰਮ ਕਰਦੇ ਵਿਅਕਤੀਆਂ ਲਈ ਤਿੰਨ ਸਾਲਾਂ ਦੀਆਂ ਟੈਕਸ ਮਹਿਕਮੇ ਤੋਂ ਵਾਪਸ ਆਈਆਂ ਅਸੈੱਸਮੈਂਟਾਂ[1]
- ਮੌਜੂਦਾ ਬੈਂਕ ਦੀ ਜਾਣਕਾਰੀ
- ਤੁਹਾਡੀ ਡਾਊਨ ਪੇਮੈਂਟ ਦੀ ਰਕਮ ਦਾ ਸਬੂਤ
- ਜਾਇਦਾਦ ਦੀ ਲਿਸਟ, ਜਿਸ ਵਿੱਚ ਜਾਇਦਾਦ ਅਤੇ ਗੱਡੀਆਂ ਸ਼ਾਮਿਲ ਹੋਣ
- ਦੇਣਦਾਰੀਆਂ ਦੀ ਲਿਸਟ, ਜਿਸ ਵਿੱਚ ਕਰੈਡਿਟ ਕਾਰਡ ਬੈਲੈਂਸ ਆਦਿ ਸ਼ਾਮਲ ਹੋਣ
- ਤੁਹਾਡੇ ਵਕੀਲ ਜਾਂ ਨੋਟਰੀ ਦਾ ਐਡਰੈਸ ਅਤੇ ਸੰਪਰਕ ਕਰਨ ਲਈ ਜਾਣਕਾਰੀ
- ਖਰੀਦ ਸਮਝੌਤੇ ਦੀ ਕਾਪੀ
- ਐੱਮ ਐੱਲ ਐੱਸ ਲਿਸਟਿੰਗ (MLS® Listing) ਦੀ ਕਾਪੀ, ਜਿਸ ਵਿੱਚ ਪ੍ਰਾਪਰਟੀ ਦਾ ਵੇਰਵਾ ਅਤੇ ਫੋਟੋ ਹੁੰਦਾ ਹੈ, ਜੇ ਲਾਗੂ ਹੁੰਦਾ ਹੋਵੇ
- ਜੇ ਤੁਸੀਂ ਘਰ ਬਣਵਾ ਰਹੇ ਹੋ ਤਾਂ ਕਾਂਟਰੈਕਟ ਅਤੇ ਬਿਲਡਿੰਗ ਪਲੈਨਾਂ

ਜੇ ਤੁਸੀਂ ਮਾਰਗੇਜ਼ ਪਹਿਲਾਂ ਹੀ ਮਨਜ਼ੂਰ ਕਰਵਾਈ ਹੋਈ ਹੈ ਤਾਂ ਤੁਹਾਡੇ ਕੋਲ ਇਹ ਸਾਰੀ ਜਾਣਕਾਰੀ ਪਹਿਲਾਂ ਹੀ ਹੋਵੇਗੀ।

## ਆਪਣੀ ਮਾਰਗੇਜ਼ ਨੂੰ ਟੀ ਡੀ ਕੈਨੇਡਾ ਟਰੱਸਟ ਵਿੱਚ ਤਬਦੀਲ ਕਰਨਾ

ਜੇ ਤੁਸੀਂ ਆਪਣੀ ਮਾਰਗੇਜ਼ ਨੂੰ ਕਿਸੇ ਹੋਰ ਬੈਂਕ ਵਿੱਚੋਂ ਟੀ ਡੀ ਕੈਨੇਡਾ ਟਰੱਸਟ ਵਿੱਚ ਤਬਦੀਲ ਕਰਨਾ ਚਾਹੋ ਤਾਂ ਅਸੀਂ ਆਪਣੇ ਸਭ ਤੋਂ ਵਧੀਆ ਮੁਕਾਬਲੇ ਵਾਲੀ ਦਰ ਦੀ ਤੁਹਾਨੂੰ ਲਿਖਤੀ ਗਾਰੰਟੀ ਦੇਵਾਂਗੇ ਜੋ ਕਿ 120 ਦਿਨਾਂ ਲਈ ਹੋਵੇਗੀ।[1] ਆਪਣੀਆਂ ਲੋੜਾਂ ਮੁਤਾਬਕ ਸਭ ਤੋਂ ਢੁੱਕਵੀਂ ਮਾਰਗੇਜ਼ ਦੀ ਚੋਣ ਕਰਨ ਲਈ ਤੁਸੀਂ ਸਲਾਹ ਅਤੇ ਮਦਦ ਲਈ ਸਾਡੇ ਮਾਰਗੇਜ਼ ਪ੍ਰਤਿਨਿੱਧਾਂ ਤੱਕ ਵੀ ਪਹੁੰਚ ਕਰ ਸਕਦੇ ਹੋ। ਆਪਣੀ ਮਾਰਗੇਜ਼ ਨੂੰ ਟੀ ਡੀ ਕੈਨੇਡਾ ਟਰੱਸਟ ਵਿੱਚ ਤਬਦੀਲ ਕਰਨਾ ਬਹੁਤ ਸੌਖਾ ਹੈ। ਤੁਹਾਨੂੰ ਸਿਰਫ ਇਨ੍ਹਾਂ ਚੀਜ਼ਾਂ ਦੀ ਲੋੜ ਹੈ –

- ਤੁਹਾਡੀ ਤਾਜ਼ਾ-ਤਰੀਨ ਮਾਰਗੇਜ਼ ਸਟੇਟਮੈਂਟ ਦੀ ਇੱਕ ਕਾਪੀ
- ਜ਼ਮੀਨ ਦੀ ਮਾਲਕੀ ਦਾ ਸਬੂਤ
- ਆਮਦਨ ਦੀ ਪੁਸ਼ਟੀ
- ਤੁਹਾਡੀ ਫਾਇਰ ਇੰਸ਼ੋਰੈਂਸ ਪਾਲਿਸੀ ਦੀ ਇੱਕ ਕਾਪੀ

## ਆਪਣੀ ਮਾਰਗੇਜ਼ ਵਿਸ਼ਵਾਸ ਨਾਲ ਨਵਿਆਓ

ਜਦੋਂ ਤੁਹਾਡੀ ਮਾਰਗੇਜ਼ ਨਵਿਆਉਣ ਵਾਲੀ ਹੁੰਦੀ ਹੈ ਤਾਂ ਤੁਹਾਡੇ ਕੋਲ ਆਪਣੀਆਂ ਲੋੜਾਂ ਅਤੇ ਮਾਰਗੇਜ਼ ਦੀਆਂ ਵਿਸ਼ੇਸ਼ਤਾਵਾਂ ਨੂੰ ਮੁੜ-ਵਿਚਾਰਨ ਦਾ ਮੌਕਾ ਹੁੰਦਾ ਹੈ ਜਿਹੜਾ ਤੁਹਾਡੇ ਲੰਬੇ ਸਮੇਂ ਦੇ ਟੀਚੇ ਪੂਰੇ ਕਰਨ ਵਿੱਚ ਬਿਹਤਰ ਮਦਦ ਕਰੇਗਾ। ਇਨ੍ਹਾਂ ਕੁਝ ਕਾਰਨਾਂ ਕਰਕੇ ਤੁਹਾਨੂੰ ਸਾਡੇ ਨਾਲ ਸੰਪਰਕ ਕਰਨਾ ਚਾਹੀਦਾ ਹੈ:

**ਜ਼ਿਆਦਾ ਚੋਣਾਂ** – ਅਸੀਂ ਅਕਸਰ ਮਾਰਗੇਜ਼ਾਂ ਦੇ ਨਵੇਂ ਅਤੇ ਪ੍ਰਗਤੀਸ਼ੀਲ ਹੱਲ ਪੇਸ਼ ਕਰਦੇ ਰਹਿੰਦੇ ਹਾਂ। ਅਸੀਂ ਤੁਹਾਡੇ ਲਈ ਸਹੀ ਮਾਰਗੇਜ਼ ਦੀ ਚੋਣ ਕਰਨ ਵਿੱਚ ਮਦਦ ਕਰ ਸਕਦੇ ਹਾਂ।

**ਜ਼ਿਆਦਾ ਬੱਚਤਾਂ** – ਅਸੀਂ ਤੁਹਾਨੂੰ ਇਹ ਦਿਖਾ ਸਕਦੇ ਹਾਂ ਕਿ ਸਹੀ ਮਾਰਗੇਜ਼ ਦੀ ਚੋਣ ਕਰਕੇ ਤੁਸੀਂ ਪੈਸੇ ਕਿਵੇਂ ਬਚਾ ਸਕਦੇ ਹੋ ਅਤੇ ਤੁਸੀਂ ਕਿਵੇਂ ਖਾਸ ਵਿਸ਼ੇਸ਼ਤਾਵਾਂ ਅਤੇ ਪੇਮੈਂਟ-ਚੋਣਾਂ ਦਾ ਫਾਇਦਾ ਲੈ ਸਕਦੇ ਹੋ ਜਿਹੜੀਆਂ ਤੁਹਾਨੂੰ ਜਲਦੀ ਨਾਲ ਘਰ ਦੇ ਮਾਲਕ ਬਣਨ ਦਾ ਮੌਕਾ ਦਿੰਦੀਆਂ ਹਨ।



## ਆਪਣੀ ਇਕਵਿਟੀ ਨਾਲ ਕੀ ਕਰਨਾ ਹੈ

ਕੀ ਤੁਹਾਨੂੰ ਮਾਰਗੇਜ਼ ਤੋਂ ਇਲਾਵਾ ਹੋਰ ਕੰਮਾਂ ਲਈ ਪੈਸੇ ਚਾਹੀਦੇ ਹਨ – ਜਿਵੇਂ ਕਿ ਘਰ ਦੀ ਮੁਰੰਮਤ ਕਰਨਾ, ਪੂੰਜੀ ਨਿਵੇਸ਼ ਕਰਨਾ ਜਾਂ ਕਰਜ਼ੇ ਨੂੰ ਇੱਕ ਥਾਂ ਇਕੱਠਾ ਕਰਨਾ? ਹੋਮ ਇਕਵਿਟੀ ਲਾਈਨ ਆਫ ਕਰੈਡਿਟ ਤੁਹਾਨੂੰ ਆਪਣੇ ਘਰ ਵਿਚਲੀ ਇਕਵਿਟੀ ਨੂੰ ਘਰ ਦੀ ਮੁਰੰਮਤ ਕਰਨ, ਛੁੱਟੀਆਂ 'ਤੇ ਜਾਣ, ਕਾਰ ਖਰੀਦਣ ਜਾਂ ਆਪਣੀਆਂ ਹੋਰ ਮਾਇਕ ਲੋੜਾਂ ਪੂਰੀਆਂ ਕਰਨ ਲਈ ਵਰਤਣ ਦੀ ਖੁੱਲ੍ਹ ਦਿੰਦੀ ਹੈ।

ਹੋਮ ਇਕਵਿਟੀ ਲਾਈਨ ਆਫ ਕਰੈਡਿਟ, ਕਰਜ਼ਾ ਲੈਣ ਨੂੰ ਸਰਲ ਅਤੇ ਸੌਖਾ ਬਣਾ ਸਕਦੀ ਹੈ। ਇਕ ਵਾਰ ਕਰਜ਼ਾ ਮਨਜ਼ੂਰ ਹੋਣ ਤੇ, ਤੁਸੀਂ ਫੰਡਾਂ ਨੂੰ, ਮਨਜ਼ੂਰ ਸ਼ੁਦਾ ਕਰੈਡਿਟ ਹੱਦ ਅੰਦਰ, ਕਿਸੇ ਸਮੇਂ ਕਿਸੇ ਵੀ ਕੰਮ ਲਈ ਵਰਤ ਸਕਦੇ ਹੋ। ਹੋ ਸਕਦਾ ਹੈ ਕਿ ਤੁਹਾਨੂੰ ਫਿਰ ਕਦੇ ਵੀ ਕਿਸੇ ਹੋਰ ਕਰਜ਼ੇ ਲਈ ਅਰਜ਼ੀ ਦੇਣ ਦੀ ਲੋੜ ਨਾ ਪਵੇ।

ਹੋਮ ਇਕਵਿਟੀ ਲਾਈਨ ਆਫ ਕਰੈਡਿਟ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, ਕ੍ਰਿਪਾ ਕਰਕੇ ਸਫਾ 7 ਦੇਖੋ।

# ਸਭ ਤੋਂ ਪਹਿਲਾਂ...ਸਾਡੇ ਨਾਲ ਗੱਲ ਕਰੋ!

ਟੀ ਡੀ ਕੈਨੇਡਾ ਟਰੱਸਟ ਦੇ ਕਿਸੇ ਮਾਰਗੇਜ਼ ਪ੍ਰਤਿਨਿੱਧ ਨਾਲ ਗੱਲ ਕਰਕੇ, ਪੈਸਿਆਂ ਦੀ ਬੱਚਤ ਕਰਨ ਵਾਲੀਆਂ ਸਾਡੀਆਂ ਬਹੁਤ ਸਾਰੀਆਂ ਮਾਰਗੇਜ਼ਾਂ ਬਾਰੇ ਪਤਾ ਕਰਨ ਲਈ ਕਿਸੇ ਬਰਾਂਚ ਵਿਚ ਜਾਵੋ ਜਾਂ ਮੋਬਾਇਲ ਮਾਰਗੇਜ਼ ਮਾਹਰ ਨਾਲ ਘਰ ਵਿਚ ਅਪਾਇੰਟਮੈਂਟ ਬੁੱਕ ਕਰਨ ਲਈ **www.tdcanadatrust.com/msf** 'ਤੇ ਜਾਵੋ। ਤੁਸੀਂ **1-877-483-8055** 'ਤੇ ਫੋਨ ਕਰਕੇ ਵੀ ਜਲਦੀ ਅਤੇ ਅਸਾਨੀ ਨਾਲ ਲੋੜੀਂਦੀ ਜਾਣਕਾਰੀ ਲੈ ਸਕਦੇ ਹੋ। ਅਸਲੀਅਤ ਵਿੱਚ, ਤੁਸੀਂ ਟੀ ਡੀ ਕੈਨੇਡਾ ਟਰੱਸਟ ਮਾਰਗੇਜ਼ ਲਈ ਫੋਨ 'ਤੇ ਹੀ ਅਰਜ਼ੀ ਦੇ ਸਕਦੇ ਹੋ ਜਾਂ ਨਵਿਆ ਕਰ ਸਕਦੇ ਹੋ![15]

ਜਾਂ ਟੀ ਡੀ ਕੈਨੇਡਾ ਟਰੱਸਟ ਦੀ ਵੈਬਸਾਈਟ **www.tdcanadatrust.com/mortgages** 'ਤੇ ਜਾਵੋ

ਸਾਡੇ ਨਾਲ ਸਲਾਹ ਮਸ਼ਵਰਾ ਕਰਨ ਲਈ **My Mortgage Selector Tool** 'ਤੇ ਜਾਵੋ ਜੋ ਆਨ-ਲਾਈਨ **https://calc.tdcanadatrust.com/MAT/Input** ਤੇ ਉਪਲਬੱਧ ਹੈ।